# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ , ਮੋਹਾਲੀ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ
ਫੋਨ ਨੰ. 0172-2212221

ਵੱਲ :-

ਸਮੂਹ ਪ੍ਰਿੰਸੀਪਲ ਡਾਇਟ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਡੀ.ਐਮ. ਗਣਿਤ ਅਤੇ ਬੀ.ਐਮ. ਗਣਿਤ (ਈ-ਮੇਲ ਰਾਹੀਂ)
ਸਬੰਧਤ ਸਕੂਲ ਮੁੱਖੀ (ਵੈਬਸਾਈਟ ਰਾਹੀਂ)
ਸਬੰਧਤ ਅਧਿਆਪਕ (ਵੈਬਸਾਈਟ ਰਾਹੀਂ)

ਮੀਮੋ ਨੰ.SCERT/SSA/2017128 58 ਮਿਤੀ :- 22.11.2017

**ਵਿਸ਼ਾ :- ਰਾਜ ਦੇ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਬੇਸ-ਲਾਇਨ ਸਬੰਧੀ।**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ 'ਪੜ੍ਹੋ ਪੰਜਾਬ, ਪੜਾਓ ਪੰਜਾਬ' ਅੱਪਰ ਪ੍ਰਾਇਮਰੀ ਤਹਿਤ ਗਣਿਤ ਦਾ ਗੁਣਾਤਮਕ ਸੁਧਾਰ ਦਾ ਪ੍ਰੋਜੈਕਟ ਚੱਲ ਰਿਹਾ ਹੈ।ਜਿਸ ਤਹਿਤ ਅਧਿਆਪਕ ਟ੍ਰੇਨਿੰਗ ਉਪਰੰਤ ਹਰੇਕ ਸਕੂਲ ਵਿੱਚ ਗਣਿਤ ਮੇਲੇ ਕਰਵਾਏ ਜਾ ਰਹੇ ਹਨ, ਜੋ ਕਿ ਲਗਭਗ ਮਿਤੀ 25-11-2017 ਨੂੰ ਸਮਾਪਤ ਹੋ ਜਾਣਗੇ।

2. ਗਣਿਤ ਮੇਲਿਆਂ ਤੋਂ ਤੁਰੰਤ ਬਾਅਦ ਹਰੇਕ ਸਕੂਲ ਵਿੱਚ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਦਾ ਸਕੂਲ ਮੁੱਖੀ, ਡੀ.ਐਮ/ਬੀ.ਐਮ ਦੀ ਦੇਖ-ਰੇਖ ਵਿੱਚ ਆਪਣੇ ਅਧਿਆਪਕ ਦੁਆਰਾ ਹੀ ਬੇਸ-ਲਾਇਨ ਸ਼ੁਰੂ ਕਰਵਾਇਆ ਜਾ ਰਿਹਾ ਹੈ। ਇਹ ਬੇਸ-ਲਾਇਨ ਮਿਤੀ 27-11-2017 ਤੋਂ 30-11-2017 ਤੱਕ ਕਰਵਾਇਆ ਜਾਵੇਗਾ।ਇਸ ਬੇਸ-ਲਾਇਨ (ਚਾਰ ਪੰਨਿਆਂ) ਦੀ Question cum Answer Sheet ਹੋਵੇਗੀ।ਇਸ ਲਈ ਹਰ ਵਿਦਿਆਰਥੀ ਲਈ ਬੇਸ-ਲਾਇਨ ਦੀ ਹਾਰਡ ਕਾਪੀ ਹੈੱਡ ਆਫਿਸ ਤੋਂ ਭੇਜੀ ਜਾ ਰਹੀ ਹੈ।ਇਸ ਲਈ ਸਬੰਧਤ ਡੀ.ਐਮ/ਬੀ.ਐਮ ਨਾਲ ਸੰਪਰਕ ਕੀਤਾ ਜਾਵੇ। ਬੇਸ-ਲਾਇਨ ਮਿਤੀ 30-11-2017 ਤੱਕ ਮੁਕੰਮਲ ਕਰ ਲਿਆ ਜਾਵੇ।

3. ਬੇਸ-ਲਾਇਨ ਦਾ ਪੇਪਰ ਦੋ ਤਰ੍ਹਾਂ ਦਾ Sample-I & Sample-II ਹੋਵੇਗਾ।ਜੇਕਰ ਸਕੂਲ ਵਿੱਚ 30 ਵਿਦਿਆਰਥੀ ਹਨ ਤਾਂ 15 ਵਿਦਿਆਰਥੀਆਂ ਨੂੰ Sample-I ਅਤੇ 15 ਵਿਦਿਆਰਥੀਆਂ ਨੂੰ Sample-II ਦਿੱਤਾ ਜਾਵੇ। ਭਾਵ ਇੱਕ ਬੱਚੇ ਨੂੰ Sample-I ਮਿਲੇ ਤੇ ਦੂਸਰੇ ਨੂੰ Sample-II ਮਿਲੇ। ਬੇਸਲਾਇਨ ਹੋਣ ਉਪਰੰਤ ਬੀ.ਐਮ. ਰਾਹੀਂ ਅਧਿਆਪਕ ਵੱਲੋਂ ਤਿਆਰ ਕੀਤੀ ਡਾਟਾ ਸ਼ੀਟ ਰਿਕਾਰਡ ਇਕੱਤਰ ਕਰਕੇ ਇਸ ਕੰਮ ਲਈ ਬਣਾਏ ਗਏ ਐਪ ਵਿੱਚ ਬੀ.ਐਮ. ਰਾਹੀਂ ਪੋਸਟ ਕੀਤਾ ਜਾਵੇਗਾ।ਜਿਸ ਪ੍ਰਤੀ ਡੀ.ਐਮ. ਅਤੇ ਬੀ.ਐਮ. ਨੂੰ ਸਟੇਟ ਟ੍ਰੇਨਿੰਗ ਵੀ ਦਿੱਤੀ ਗਈ ਹੈ ਅਤੇ ਅਧਿਆਪਕਾਂ ਨੂੰ ਇਸ ਡਾਟਾ ਸ਼ੀਟ ਬਾਰੇ ਟ੍ਰੇਨਿੰਗ ਵਿੱਚ ਦੱਸਿਆ ਗਿਆ ਹੈ।

4. ਬੇਸਲਾਈਨ ਟੈਸਟ ਕੰਡਕਟ ਕਰਵਾਉਣ ਤੋਂ ਬਾਅਦ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਕੰਮ ਵਾਲੇ 30 ਦਿਨਾਂ ਲਈ ਫਾਊਡੇਸ਼ਨ ਕੋਰਸ ਕਰਵਾਇਆ ਜਾਵੇਗਾ।ਜਿਸ ਦਾ ਮੁੱਖ ਉਦੇਸ਼

ਹਰੇਕ ਵਿਦਿਆਰਥੀ ਨੂੰ ਗਣਿਤ ਦੀਆਂ ਮੁੱਢਲੀਆਂ ਚਾਰ ਬੇਸਿਕ ਕਿਰਿਆਵਾਂ, (+,×,-,÷) ਸ਼ਾਬਦਿਕ ਸਵਾਲ , ਭਿੰਨਾਂ ਅਤੇ ਸੰਪੂਰਨ ਸੰਖਿਆਵਾਂ ਲਈ ਪਰਿਪੱਕ ਕਰਨਾ ਹੈ।ਇਸ ਲਈ ਸਕੂਲ ਵਾਈਜ਼ ਪ੍ਰਤੀ ਵਿਦਿਆਰਥੀ 15 **Practice sheets** ਭੇਜੀਆਂ ਜਾਣਗੀਆਂ।ਜੋ ਕਿ ਸਕੂਲ ਦੇ ਟਾਇਮ ਟੇਬਲ ਵਿੱਚ ਹੀ ਵਿਦਿਆਰਥੀਆਂ ਨੂੰ ਵਿਸ਼ਾ ਅਧਿਆਪਕ ਵਲੋਂ ਵਿਸ਼ੇਸ਼ ਧਿਆਨ ਦੇ ਕੇ ਕਰਵਾਇਆ ਜਾਵੇ। ਸਕੂਲ ਮੁੱਖੀ ਵੀ ਇਸ ਵਿੱਚ ਵਿਸ਼ੇਸ਼ ਰੁੱਚੀ ਰੱਖਣ।

5. 30 ਦਿਨਾਂ ਫਾਊਂਡੇਸ਼ਨ ਕੋਰਸ ਖਤਮ ਹੋਣ ਉਪਰੰਤ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਵਿੱਚ ਪੜ੍ਹਦੇ ਹਰ ਵਿਦਿਆਰਥੀ ਦਾ ਗਣਿਤ ਦਾ **endline** ਹੋਵੇਗਾ।

6. ਇਸ ਸਾਰੀ ਪ੍ਰਕਿਰਿਆ ਦੀ ਮੋਨੀਟਰਿੰਗ ਅਤੇ ਮੈਂਟਰਿੰਗ ਡੀ.ਐਮ/ਬੀ.ਐਮ ਦੀ ਟੀਮ ਵੱਲੋਂ ਲਗਾਤਾਰ ਕੀਤੀ ਜਾਵੇਗੀ ਅਤੇ ਅੰਤ ਵਿੱਚ ਟੀਮ ਵੱਲੋਂ ਇਸ ਦਾ ਡਾਟਾ ਬਣਾਏ ਗਏ ਐਪ ਵਿੱਚ ਬੀ.ਐਮ. ਰਾਹੀਂ ਪੋਸਟ ਕੀਤਾ ਜਾਵੇਗਾ।ਜਿਸ ਦੀ ਲਗਾਤਾਰ ਮੋਨੀਟਰਿੰਗ ਜਿਲਾ ਪੱਧਰ ਤੇ ਡੀ.ਐਮ ਅਤੇ ਹੈੱਡ ਆਫਿਸ ਵੱਲੋਂ ਕੀਤੀ ਜਾਵੇਗੀ।

7. ਇਸ ਕੰਮ ਲਈ ਸਮੂਹ ਕੰਮਪਲੈਕਸ ਇੰਚਾਰਜ਼ ਅਤੇ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਇਸ ਪ੍ਰੋਜੇਕਟ ਦੇ ਸਹੀ ਨਤੀਜਿਆਂ ਲਈ ਇਸ ਕੰਮ ਪ੍ਰਤੀ ਰੁਝਾਨ ਅਤੇ ਸੰਜੀਦਗੀ ਦਿਖਾਈ ਜਾਵੇ।

**ਡਾਇਰੈਕਟਰ ਐਸ.ਸੀ.ਈ.ਆਰ.ਟੀ**
**ਪੰਜਾਬ**

**ਪਿੱਠ ਅੰਕਣ ਨੰ: ਐਸ.ਸੀ.ਈ.ਆਰ.ਟੀ/ਸਸਅ/2017/**ਤੇਰ੨ **ਮਿਤੀ :** 22-11-2017

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।**

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
2. ਡੀ.ਪੀ.ਆਈ (ਸੈ.ਸਿੱ), ਪੰਜਾਬ
3. ਡੀ.ਪੀ.ਆਈ (ਐ.ਸਿੱ), ਪੰਜਾਬ

**ਡਾਇਰੈਕਟਰ ਐਸ.ਸੀ.ਈ.ਆਰ.ਟੀ**
**ਪੰਜਾਬ**